ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਨੁਕਤੇ:

# ਰੁਜ਼ਗਾਰ ਅਦਾਰੇ

ਪੰਜਾਬੀ ਦੇ | Punjabi

## ਇਸਤੋਂ ਪਹਿਲਾਂ ਕਿ ਤੁਸੀਂ ਪੜ੍ਹਨਾ ਜਾਰੀ ਰੱਖੋਂ...

**ਕੋਈ ਰੁਜ਼ਗਾਰ ਅਦਾਰਾ ਕੀ ਹੁੰਦਾ ਹੈ?**
ਇੱਕ ਰੁਜ਼ਗਾਰ ਅਦਾਰਾ ਫੀਸ ਲੈਕੇ ਰੁਜ਼ਗਾਰਦਾਤਾਵਾਂ ਨੂੰ ਕਰਮਚਾਰੀ ਅਤੇ ਨੌਕਰੀ ਲੱਭਣ ਵਾਲਿਆਂ ਨੂੰ ਕੰਮ ਲੱਭਣ ਵਿੱਚ ਮਦਦ ਕਰਦਾ ਹੈ।

**ਮੁਫ਼ਤ ਮਦਦ ਪ੍ਰਾਪਤ ਕਰੋ।**
ਇਹ ਸ਼ਹਿਰ ਨੌਕਰੀ ਲੱਭਣ ਵਾਲਿਆਂ ਲਈ ਮੁਫ਼ਤ ਮਦਦ ਦੀ ਪੇਸ਼ਕਸ਼ ਕਰਦਾ ਹੈ। **nyc.gov/workforce1** ਦੇਖੋ ਜਾਂ **311** ਨੂੰ ਕਾਲ ਕਰੋ ਅਤੇ ਇੱਕ **Workforce1 Career Center** ਲੱਭਣ ਲਈ ਪੁੱਛੋ।

**ਜੇ ਤੁਸੀਂ ਕੋਈ ਨੌਕਰੀ ਲੱਭਣ ਲਈ ਕਿਸੇ ਰੁਜ਼ਗਾਰ ਅਦਾਰੇ ਨਾਲ ਕੰਮ ਕਰਦੇ ਹੋ, ਤਾਂ ਤੁਹਾਡੀ ਮਦਦ ਕਰਨ ਵਾਸਤੇ ਏਥੇ ਕੁਝ ਨੁਕਤੇ ਦਿੱਤੇ ਜਾ ਰਹੇ ਹਨ।**

## ਆਮ ਨੁਕਤੇ

- **ਕਿਸੇ ਲਾਇਸੰਸਸ਼ੁਦਾ ਰੁਜ਼ਗਾਰ ਅਦਾਰੇ ਦੀ ਵਰਤੋਂ ਕਰੋ।** ਰੁਜ਼ਗਾਰ ਅਦਾਰਿਆ ਕੋਲ ਲਾਜ਼ਮੀ ਤੌਰ 'ਤੇ ਇੱਕ ਖਪਤਕਾਰ ਮਾਮਲਿਆਂ ਲਈ ਵਿਭਾਗ (DCA) ਦਾ ਲਾਇਸੰਸ ਹੋਣਾ ਚਾਹੀਦਾ ਹੈ।

  ਲਾਇਸੰਸ ਅਤੇ ਸ਼ਿਕਾਇਤ ਇਤਿਹਾਸ ਦੀ ਜਾਂਚ ਕਰਨ ਵਾਸਤੇ **nyc.gov/dca** ਦੇਖੋ ਜਾਂ **311 'ਤੇ ਕਾਲ ਕਰੋ।**

  ### ਮਹੱਤਵਪੂਰਨ

  - ਰੁਜ਼ਗਾਰ ਅਦਾਰੇ ਤੁਹਾਡੇ ਕੋਲੋਂ ਹੋਰ ਸੇਵਾਵਾਂ ਵਾਸਤੇ ਖਰਚਾ ਨਹੀਂ ਲੈ ਸਕਦੇ ਜਿਵੇਂ ਕਿ ਸਿਖਲਾਈ ਲਈ ਜਮਾਤਾਂ ਜਾਂ ਪ੍ਰਮਾਣਿਕਤਾਵਾਂ।
  - ਕੀ ਤੁਸੀਂ ਕਿਸੇ ਸੁਰੱਖਿਆ ਸਿਖਲਾਈ ਸਕੂਲ ਵਿੱਚ ਹੋ? ਇਹ ਲਾਜ਼ਮੀ ਤੌਰ 'ਤੇ ਨਿਊ ਯਾਰਕ ਸਟੇਟ ਡਿਵੀਜ਼ਨ ਆਫ ਕ੍ਰਿਮੀਨਲ ਜਸਟਿਸ ਸਰਵਿਸਜ ਕੋਲ ਪੰਜੀਕਿਰਤ ਹੋਣਾ ਚਾਹੀਦਾ ਹੈ।
  - ਕੀ ਤੁਸੀਂ ਕਿਸੇ ਬਾਰਟੈਂਡਿੰਗ ਸਕੂਲ ਵਿੱਚ ਹੋ? ਨਿਊ ਯਾਰਕ ਸਟੇਟ ਬਿਊਰੋ ਆਫ ਪ੍ਰੋਪਰਾਈਟਰੀ ਸਕੂਲ ਸੁਪਰਵਿਜ਼ਨ (New York State Bureau of Proprietary School Supervision) ਬਾਰਟੈਂਡਿੰਗ ਸਕੂਲਾਂ ਦੀ ਨਿਗਰਾਨੀ ਕਰਦਾ ਹੈ।

- **ਉਹਨਾਂ ਰੁਜ਼ਗਾਰ ਅਦਾਰਿਆਂ ਦੀ ਵਰਤੋਂ ਨਾ ਕਰੋ ਜੋ ਨੌਕਰੀਆਂ ਦੀ "ਗਰੰਟੀ" ਦਿੰਦੇ ਹਨ।** ਰੁਜ਼ਗਾਰ ਅਦਾਰੇ ਇਸ ਚੀਜ਼ ਦੀ ਗਰੰਟੀ ਨਹੀਂ ਦੇ ਸਕਦੇ ਕਿ ਉਹ ਤੁਹਾਡੇ ਲਈ ਨੌਕਰੀ ਲੱਭ ਦੇਣਗੇ। ਅਦਾਰੇ ਕੇਵਲ ਤੁਹਾਨੂੰ ਅਜਿਹੀਆਂ ਨੌਕਰੀਆਂ ਵੱਲ ਭੇਜ ਸਕਦੇ ਹਨ ਜੋ ਉਪਲਬਧ ਹਨ ਅਤੇ ਜੋ ਘੱਟੋ ਘੱਟ ਨਿਊਨਤਮ ਉਜਰਤ ਦਿੰਦੀਆਂ ਹਨ।

  ਨਿਊਨਤਮ ਉਜਰਤ ਨਿਊ ਯਾਰਕ ਪ੍ਰਾਂਤ ਅਤੇ ਸੰਘੀ ਕਨੂੰਨ ਦੁਆਰਾ ਤੈਅ ਕੀਤੀ ਜਾਂਦੀ ਹੈ। ਨਿਊ ਯਾਰਕ ਪ੍ਰਾਂਤ ਦੀ ਨਿਊਨਤਮ ਉਜਰਤ ਵਾਸਤੇ **labor.state.ny.us** ਦੇਖੋ।

- **ਜਾਣੋ ਕਿ ਰੁਜ਼ਗਾਰ ਏਜੰਸੀ ਦੀਆਂ ਫੀਸਾਂ ਕਿਵੇਂ ਕੰਮ ਕਰਦੀਆਂ ਹਨ।** ਰੁਜ਼ਗਾਰ ਏਜੰਸੀਆਂ ਤੁਹਾਨੂੰ ਨੌਕਰੀ ਦਿਵਾਉਣ ਤੋਂ ਪਹਿਲਾਂ ਕੋਈ ਫੀਸ ਨਹੀਂ ਲੈ ਸਕਦੀਆਂ।

  ਫੀਸਾਂ ਕਾਨੂੰਨ ਦੁਆਰਾ ਨਿਰਧਾਰਿਤ ਕੀਤੀ ਗਈ ਅਧਿਕਤਮ ਰਕਮ ਤੋਂ ਵੱਧ ਨਹੀਂ ਹੋ ਸਕਦੀਆਂ।

  ਰੁਜ਼ਗਾਰ ਏਜੰਸੀ ਸਬੰਧੀ ਕਾਨੂੰਨਾਂ ਅਤੇ ਨਿਯਮਾਂ ਲਈ **nyc.gov/dca** 'ਤੇ ਜਾਓ, ਜਿਸ 'ਤੇ ਫੀਸ ਸਬੰਧੀ ਜਾਣਕਾਰੀ ਦਿੱਤੀ ਗਈ ਹੈ।

  ਜੇਕਰ ਏਜੰਸੀ ਦੁਆਰਾ ਤੁਹਾਡੇ ਤੋਂ ਹੇਠਾਂ ਲਿਖੀਆਂ ਲਈ ਫੀਸ ਲਿੱਤੀ ਗਈ ਹੈ ਤਾਂ ਤੁਹਾਨੂੰ ਇੱਕ ਪੂਰੀ ਰਕਮ ਵਾਪਸੀ ਦਾ ਹੱਕ ਹੈ:

  - ਇੱਕ ਅਗਾਊਂ ਫੀਸ, ਡਿਪਾਜ਼ਿਟ ਫੀਸ, ਰਜਿਸਟ੍ਰੇਸ਼ਨ ਫੀਸ, ਅਰਜ਼ੀ ਫੀਸ, ਜਾਂ ਇੰਟਰਵਿਊ ਫੀਸ। ਜਾਂ
  - ਤੁਹਾਨੂੰ ਕਿਸੀ ਹੋਰ ਰੁਜ਼ਗਾਰ ਏਜੰਸੀ ਜਾਂ ਟ੍ਰੇਨਿੰਗ ਸਕੂਲ ਭੇਜਣ ਲਈ। ਜਾਂ
  - ਟ੍ਰੇਨਿੰਗ ਕੋਰਸ, ਫੋਟੋਗ੍ਰਾਫ ਜਾਂ ਰਿਜ਼ਿਊਮੇ ਦੀ ਸਮੀਖਿਆ ਵਰਗੀਆਂ ਹੋਰ ਵਾਧੂ ਚੀਜ਼ਾਂ ਲਈ।

- **ਇੱਕ ਸਟੀਕ, ਲਿਖਤੀ ਇਕਰਾਰਨਾਮੇ ਦੀ ਮੰਗ ਕਰੋ।** ਤੁਹਾਡੇ ਵੱਲੋਂ ਦਸਤਖਤ ਕਰਨ ਤੋਂ ਪਹਿਲਾਂ, ਅਦਾਰਿਆਂ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਇੱਕ ਪੂਰਾ ਇਕਰਾਰਨਾਮਾ ਦੇਣਾ ਚਾਹੀਦਾ ਹੈ। ਤੁਹਾਡੇ ਇਕਰਾਰਨਾਮੇ ਵਿੱਚ ਇਹ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ:
    - ਨਾਮ, ਪਤਾ, ਅਤੇ ਅਦਾਰੇ ਦਾ DCA ਲਾਇਸੰਸ ਨੰਬਰ
    - ਕੰਮ ਦੀ ਕਿਸਮ
    - ਕੀਮਤ
    - ਫੀਸ ਦੇ ਭੁਗਤਾਨ ਦਾ ਕਾਰਜ-ਕ੍ਰਮ

  ਯਕੀਨੀ ਬਣਾਓ ਕਿ ਲਿਖਤੀ ਸਮਝੌਤਾ ਤੁਹਾਡੇ ਜ਼ੁਬਾਨੀ ਸਮਝੌਤੇ ਨਾਲ ਮੇਲ਼ ਖਾਂਦਾ ਹੋਵੇ।

  ਦਸਤਖਤ ਕਰਨ ਤੋਂ ਪਹਿਲਾਂ, ਅਦਾਰੇ ਨੂੰ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਲਿਖਤੀ ਰੂਪ ਵਿੱਚ ਦੇਣ ਦਿਓ।

  ਅਦਾਰੇ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਇਕਰਾਰਨਾਮੇ ਦੀ ਇੱਕ ਨਕਲ ਅਤੇ ਹਰੇਕ ਭੁਗਤਾਨ ਵਾਸਤੇ ਰਸੀਦ ਦੇਣੀ ਚਾਹੀਦੀ ਹੈ। ਸਾਰੀਆਂ ਨਕਲਾਂ ਨੂੰ ਇੱਕ ਸੁਰੱਖਿਅਤ ਸਥਾਨ 'ਤੇ ਰੱਖੋ।

- **ਗੈਰ–ਕਨੂੰਨੀ ਸਵਾਲਾਂ ਦਾ ਜਵਾਬ ਨਾ ਦਿਓ।** ਜਦ ਤੱਕ ਇਹ ਨੌਕਰੀ ਲਈ ਵੈਧ ਯੋਗਤਾਵਾਂ ਨਾ ਹੋਣ, ਕਿਸੇ ਰੁਜ਼ਗਾਰਦਾਤਾ ਜਾਂ ਅਦਾਰੇ ਵਾਸਤੇ ਨਿਮਨਲਿਖਤ ਬਾਰੇ ਸਵਾਲ ਪੁੱਛਣਾ ਗੈਰ-ਕਨੂੰਨੀ ਹੈ:
    - ਉਮਰ
    - ਨਸਲ
    - ਜਾਤੀ
    - ਧਰਮ
    - ਰੰਗ
    - ਕੌਮੀ ਮੂਲ
    - ਲਿੰਗ
    - ਅਪੰਗਤਾ
    - ਵਿਵਾਹਕ ਅਵਸਥਾ
    - ਭਾਈਵਾਲੀ ਦੀ ਅਵਸਥਾ
    - ਸੰਭਾਲਕਰਤਾ ਅਵਸਥਾ
    - ਜਿਨਸੀ ਝੁਕਾਓ
    - ਪ੍ਰਵਾਸੀਪਣ ਜਾਂ ਨਾਗਰਿਕਤਾ ਦੀ ਅਵਸਥਾ

- **DCA ਕੋਲ ਸ਼ਿਕਾਇਤ ਦਾਇਰ ਕਰੋ।** DCA ਕੋਲ ਔਨਲਾਈਨ nyc.gov/dca 'ਤੇ ਸ਼ਿਕਾਇਤ ਦਾਇਰ ਕਰਵਾਓ ਜਾਂ ਫਿਰ ਆਪਣੀ ਭਾਸ਼ਾ ਵਿੱਚ ਸ਼ਿਕਾਇਤ ਦਾਇਰ ਕਰਵਾਉਣ ਲਈ 311 ਨਾਲ ਸੰਪਰਕ ਕਰੋ। ਸ਼ਿਕਾਇਤ ਕਰਨ ਵਾਸਤੇ ਤੁਹਾਨੂੰ ਆਪਣਾ ਨਾਮ ਜਾਂ ਤੁਹਾਡੇ ਪ੍ਰਵਾਸੀ ਦਰਜੇ ਬਾਰੇ ਦੱਸਣ ਦੀ ਲੋੜ ਨਹੀਂ ਹੈ। ਨੋਟ: ਜੇ ਤੁਸੀਂ ਚਾਹੁੰਦੇ ਹੋ ਕਿ DCA ਤੁਹਾਡੇ ਨਾਲ ਸੰਪਰਕ ਕਰੇ, ਤਾਂ ਤੁਹਾਡੇ ਲਈ ਆਪਣਾ ਨਾਮ ਅਤੇ ਪਤਾ ਪ੍ਰਦਾਨ ਕਰਾਉਣਾ ਲਾਜ਼ਮੀ ਹੈ।

# ਇਹਨਾਂ ਤੋਂ ਬਚੋ...

## ਸ਼ਿਕਾਰੀ ਸਕੂਲ (PREDATORY SCHOOLS)

NYC ਵਿੱਚ ਮੁਨਾਫਾ ਕਮਾਉਣ ਵਾਲੇ ਸੈਂਕੜੇ ਸਕੂਲ ਹਨ। ਕੋਰਸਾਂ ਵਿੱਚ ਏਅਰ ਕੰਡੀਸ਼ਨਿੰਗ ਦੀ ਮੁਰੰਮਤ ਅਤੇ ਹਾਰ-ਸ਼ਿੰਗਾਰ ਵਿਗਿਆਨ ਤੋਂ ਲੈਕੇ ਡਾਕਟਰੀ ਤਕਨੀਸ਼ੀਅਨ ਦੀ ਸਿਖਲਾਈ ਤੱਕ ਸ਼ਾਮਲ ਹੁੰਦੇ ਹਨ। ਕਈ ਸਕੂਲ ਵਿਦਿਆਰਥੀਆਂ ਨੂੰ ਕੁਰਾਹੇ ਪਾਉਂਦੇ ਹਨ। ਉਹ ਇਹ ਕਰ ਸਕਦੇ ਹਨ:

- ਤੁਹਾਨੂੰ ਬਹੁਤ ਸਾਰੀ ਵਿੱਤੀ ਸਹਾਇਤਾ ਲੈਣ ਲਈ ਮਜ਼ਬੂਰ ਕਰ ਸਕਦੇ ਹਨ।
- ਤੁਹਾਡੇ ਗਰੈਜੂਏਟ ਹੋਣ ਦੇ ਬਾਅਦ ਤੁਹਾਨੂੰ ਨੌਕਰੀ ਦੀ "ਗਰੰਟੀ" ਦਿੰਦੇ ਹਨ।
- ਤੁਹਾਡੀ ਡਿਗਰੀ ਦੀ ਅਹਿਮੀਅਤ ਬਾਰੇ ਤੁਹਾਨੂੰ ਝੂਠ ਬੋਲਦੇ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਤੁਹਾਡੇ ਕਰੈਡਿਟ ਕਿਸੇ ਹੋਰ ਸਕੂਲ ਕੋਲ ਤਬਦੀਲ ਹੋ ਜਾਣਗੇ।

*ਯਾਦ ਰੱਖੋ:*

- ਵਿੱਤੀ ਸਹਾਇਤਾ ਅਕਸਰ ਇੱਕ ਕਰਜ਼ਾ ਹੁੰਦਾ ਹੈ ਜਿਸਨੂੰ ਤੁਹਾਡੇ ਲਈ ਵਾਪਸ ਕਰਨਾ ਲਾਜ਼ਮੀ ਹੈ। ਇਹ ਕੋਈ ਵਜ਼ੀਫਾ ਨਹੀਂ ਹੈ।
- ਬਹੁਤ ਸਾਰੇ ਸਕੂਲਾਂ ਬਾਰੇ ਪੁੱਛ-ਪੜਤਾਲ ਕਰੋ।
- ਉਸੇ ਦਿਨ ਸਾਈਨ ਅੱਪ ਨਾ ਕਰੋ ਜਿਸ ਦਿਨ ਤੁਸੀਂ ਕਿਸੇ ਸਕੂਲ ਵਿਖੇ ਜਾਂਦੇ ਹੋ।
- ਸਕੂਲ ਦੀ ਟਿਊਸ਼ਨ ਰੱਦਕਰਨ ਨੀਤੀ ਲਿਖਤੀ ਰੂਪ ਵਿੱਚ ਹਾਸਲ ਕਰੋ।

ਕਿਸੇ ਉਚੇਰੀ ਸਿੱਖਿਆ ਦੇ ਸਕੂਲ ਖਿਲਾਫ ਸ਼ਿਕਾਇਤ ਦਾਇਰ ਕਰਨ ਲਈ **311 ਨੂੰ ਕਾਲ ਕਰੋ**।

## ਮੁਫ਼ਤ ਮਦਦ

- nyc.gov/workforce1 ਦੇਖੋ ਜਾਂ 311 ਨੂੰ ਕਾਲ ਕਰੋ ਅਤੇ ਇੱਕ ਮੁਫ਼ਤ Workforce1 Career Center ਲੱਭਣ ਲਈ ਪੁੱਛੋ।
- nyc.gov ਦੇਖੋ ਜਾਂ 311 ਨੂੰ ਕਾਲ ਕਰੋ ਅਤੇ ਮੁਫ਼ਤ ਅਤੇ ਘੱਟ-ਲਾਗਤ ਵਾਲੇ ਬਾਲਗ ਸਿੱਖਿਆ ਪ੍ਰੋਗਰਾਮਾਂ ਬਾਰੇ ਪੁੱਛੋ।

### ਮਹੱਤਵਪੂਰਨ

- ਸਿੱਧੀਆਂ ਸਮਾਜਕ ਸੇਵਾਵਾਂ ਪ੍ਰਦਾਨ ਕਰਨ ਵਾਲੇ ਸ਼ਹਿਰੀ ਅਦਾਰਿਆਂ ਲਈ ਤੁਹਾਡੀ ਪਹਿਲੀ ਭਾਸ਼ਾ ਵਿੱਚ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਦਾ ਇੰਤਜ਼ਾਮ ਕਰਨਾ ਲਾਜ਼ਮੀ ਹੈ।
- ਸ਼ਹਿਰ ਦੇ ਅਦਾਰੇ ਤਦ ਤੱਕ ਪ੍ਰਵਾਸ ਦੇ ਦਰਜੇ ਬਾਰੇ ਨਹੀਂ ਪੁੱਛ ਸਕਦੇ ਜਦ ਤੱਕ ਕਿਸੇ ਲਾਭ ਜਾਂ ਸੇਵਾ ਵਾਸਤੇ ਯੋਗਤਾ ਦਾ ਨਿਰਣਾ ਕਰਨ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਹੁੰਦਾ।

## ਹੋਰ ਸਰੋਤ

- ਪ੍ਰਵਾਸੀਆਂ ਵਾਸਤੇ ਖਪਤਕਾਰ ਸੁਰੱਖਿਆ ਸਬੰਧੀ ਹੋਰ ਨੁਕਤੇ ਪੜ੍ਹੋ:
  - ਵਿੱਤ
  - ਪ੍ਰਵਾਸ ਸਹਾਇਤਾ ਸੇਵਾਵਾਂ
  - ਟੈਕਸ ਦੀ ਤਿਆਰੀ
- ਵਧੇਰੇ ਜਾਣਕਾਰੀ ਵਾਸਤੇ nyc.gov/dca ਦੇਖੋ, ਜਿਸ ਵਿੱਚ ਇਹ ਵੀ ਸ਼ਾਮਲ ਹੈ:
  - ਜੌਬ ਹੰਟਰ'ਜ ਬਿੱਲ ਆਫ ਰਾਈਟਸ
  - ਕਰਮਚਾਰੀ ਅਧਿਕਾਰਾਂ ਅਤੇ ਰੁਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ ਦਾ ਬਿਆਨ (ਦੇਸੀ ਜਾਂ ਘਰੇਲੂ ਕਰਮਚਾਰੀ)
  - NYC ਪੇਡ ਸਿੱਕ ਲੀਵ ਲਾਅ
  - NYC ਕਮਿਊਟਰ ਬੈਨੀਫਿਟਸ ਲਾਅ
- ਮੇਅਰਜ ਆਫਿਸ ਆਫ ਇਮੀਗਰਾਂਟ ਅਫੇਅਰਜ (MOIA): ਪ੍ਰਵਾਸੀ ਕਾਮਿਆਂ ਅਤੇ ਨੌਕਰੀਆਂ ਅਤੇ ਕੰਮ ਬਾਰੇ ਜਾਣਕਾਰੀ ਵਾਸਤੇ nyc.gov/immigrants ਦੇਖੋ।
- ਛੋਟੇ ਕਾਰੋਬਾਰ ਲਈ ਸੇਵਾਵਾਂ (Small Business Services) (SBS): ਨੌਕਰੀ ਲੱਭਣ ਵਾਲਿਆਂ ਲਈ ਮਦਦ ਵਾਸਤੇ nyc.gov/sbs ਦੇਖੋ।
- ਮਨੁੱਖੀ ਅਧਿਕਾਰ ਕਮਿਸ਼ਨ (Human Rights Commission): ਭੇਦਭਾਵ ਬਾਰੇ ਕੋਈ ਸ਼ਿਕਾਇਤ ਦਾਇਰ ਕਰਨ ਲਈ nyc.gov/humanrights ਦੇਖੋ ਜਾਂ 311 ਨੂੰ ਸੰਪਰਕ ਕਰੋ। ਪੜ੍ਹੋ *Immigrants & NYC Human Rights at Work and at Home*।

NYC Office of the Mayor

**Consumer Affairs**
Lorelei Salas
Commissioner

**Mayor's Office of Immigrant Affairs**
Nisha Agarwal
Commissioner

**Small Business Services**
Gregg Bishop
Commissioner

12/2017